
# ਪੰਜਾਬੀ ਵਿਆਕਰਨ ਅਤੇ ਲੇਖ ਰਚਨਾ




–ਜਗਤਾਰ ਸਿੰਘ ਸੋਖੀ
–94171 66386

Scanned by CamScanner

# ਵਿਸਰਾਮ ਚਿੰਨ੍ਹ

ਜਦੋਂ ਅਸੀਂ ਕੋਈ ਗੱਲ ਕਰਦੇ ਹਾਂ ਤਾਂ ਉਸ ਦਾ ਕੁੱਝ ਨਾ ਕੁੱਝ ਅਰਥ ਹੁੰਦਾ ਹੈ, ਬੋਲਣ ਵੇਲੇ ਜੋ ਉਤਰਾਓ-ਚੜ੍ਹਾਉ ਆਉਂਦੇ ਹਨ, ਉਹਨਾਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਕੁੱਝ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਨ੍ਹਾਂ ਨੂੰ ਵਿਸਰਾਮ ਚਿੰਨ੍ਹ ਆਖਦੇ ਹਨ।

ਵਿਆਕਰਨ ਵਿੱਚ ਭਾਸ਼ਾ ਦੀ ਵੱਡੀ ਤੋਂ ਵੱਡੀ ਇਕਾਈ ਵਾਕ ਹੁੰਦਾ ਹੈ। ਬਹੁਤ ਵਾਰੀ ਇੱਕ ਵਾਕ ਨੂੰ ਦੂਜੇ ਵਾਕ ਤੋਂ ਨਿਖੇੜਨ ਲਈ, ਭਾਵ ਸਪਸ਼ਟ ਕਰਨ ਲਈ, ਠਹਿਰਾਓ ਵਾਲੀਆਂ ਨਿਸ਼ਾਨੀਆਂ ਵਰਤੀਆਂ ਜਾਂਦੀਆਂ ਹਨ, ਇਹਨਾਂ ਨੂੰ ਵਿਸਰਾਮ ਚਿੰਨ ਕਿਹਾ ਜਾਂਦਾ ਹੈ। ਭਾਸ਼ਾ ਨੂੰ ਲਿਖਤੀ ਰੂਪ ਵਿੱਚ ਸਰਲ, ਠੀਕ ਅਤੇ ਸਪਸ਼ਟ ਢੰਗ ਨਾਲ਼ ਲਿਖਣ ਲਈ ਵਿਸਰਾਮ-ਚਿੰਨ੍ਹ ਬਹੁਤ ਮਹੱਤਵਪੂਰਨ ਹੁੰਦੇ ਹਨ। ਇਹਨਾਂ ਦੀ ਥਾਂ ਬਦਲਣ ਨਾਲ਼ ਵਾਕ ਦੀ ਸ਼ੁੱਧਤਾ ਅਤੇ ਅਰਥ ਵਿੱਚ ਤਬਦੀਲੀ ਆ ਜਾਂਦੀ ਹੈ। ਉਦਾਹਰਨ ਵਜੋਂ –

1. ਚੋਰ ਚੋਰ ਜਾਵੇ ਨਾ ਫੜੋ।
2. ਚੋਰ, ਚੋਰ, ਜਾਵੇ ਨਾ, ਫੜੋ।
3. ਚੋਰ ਚੋਰ ਜਾਵੇ, ਨਾ ਫੜੋ।

ਪਹਿਲਾਂ ਪੰਜਾਬੀ ਵਿੱਚ ਕੇਵਲ ਥੋੜ੍ਹੇ ਜਿਹੇ ਵਿਸਰਾਮ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਸੀ ਪਰ ਹੁਣ ਅੰਗਰੇਜ਼ੀ ਵਿਆਕਰਨ ਦੇ ਪ੍ਰਭਾਵ ਥੱਲੇ ਲਿਖਤ ਨੂੰ ਵਧੇਰੇ ਸਾਫ਼ ਤੇ ਸ਼ੁੱਧ ਬਣਾਉਣ ਲਈ ਹੇਠ ਲਿਖੇ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ –

| | |
|---|---|
| 1. ਡੰਡੀ (।) | 2. ਪ੍ਰਸ਼ਨ-ਚਿੰਨ (?) |
| 3. ਵਿਸਮਕ ਚਿੰਨ੍ਹ (!) | 4. ਕਾਮਾ (,) |
| 5. ਬਿੰਦੀ ਕਾਮਾ (;) | 6. ਦੁਬਿੰਦੀ (:) |
| 7. ਪੁੱਠੇ ਕਾਮੇ (" ") | 8. ਬ੍ਰੈਕਟ ( ) |
| 9. ਬਿੰਦੀ (.) | 10. ਛੁੱਟ-ਮਰੋੜੀ (') |
| 11. ਡੈਸ਼ (—) | 12. ਦੁਬਿੰਦੀ-ਡੈਸ਼ (:–) |
| 13. ਜੋੜਨੀ (-) | 14. ਮਸਾਵੀ (=) |

Scanned by CamScanner

1. ਡੰਡੀ (।) - ਇਹ ਪੂਰਨ ਵਿਸਰਾਮ ਅਤੇ ਠਹਿਰਾਅ ਦਾ ਚਿੰਨ੍ਹ ਹੈ। ਇਸ ਚਿੰਨ੍ਹ ਦੀ ਵਰਤੋਂ ਪ੍ਰਸ਼ਨ-ਵਾਚਕ ਜਾਂ ਵਿਸਮੈ- ਵਾਚਕ ਵਾਕ ਨੂੰ ਛੱਡ ਕੇ ਹਰ ਪ੍ਰਕਾਰ ਦੇ ਵਾਕ ਦੇ ਪੂਰੇ ਹੋ ਜਾਣ ਤੇ ਕੀਤੀ ਜਾਂਦੀ ਹੈ, ਜਿਵੇਂ:-
ਵਿਦਿਆਰਥੀ ਪੜ੍ਹ ਰਹੇ ਸੀ।
ਅਸੀਂ ਸਕੂਲ ਜਾ ਰਹੇ ਹਾਂ।

2. ਪ੍ਰਸ਼ਨ - ਚਿੰਨ੍ਹ (?) - ਇਸ ਚਿੰਨ੍ਹ ਦੀ ਵਰਤੋਂ ਪੂਰਨ ਠਹਿਰਾਓ ਨੂੰ ਪ੍ਰਗਟ ਕਰਦੀ ਹੈ। ਜਿਸ ਵਾਕ ਵਿੱਚ ਕੋਈ ਪ੍ਰਸ਼ਨ ਪੁੱਛਿਆ ਗਿਆ ਹੋਵੇ, ਉਸ ਵਾਕ ਦੇ ਅੰਤ ਤੇ ਪ੍ਰਸ਼ਨ-ਚਿੰਨ੍ਹ ਲਾਇਆ ਜਾਂਦਾ ਹੈ, ਜਿਵੇਂ:-
ਤੁਸੀਂ ਕਿੱਥੋਂ ਆਏ ਹੋ?
ਕੀ ਮੈਂ ਅੰਦਰ ਆ ਸਕਦਾ ਹਾਂ?

3. ਵਿਸਮਕ ਚਿੰਨ੍ਹ (!) - ਜਦੋਂ ਵਾਕ ਵਿੱਚ ਹੈਰਾਨੀ, ਖ਼ੁਸ਼ੀ, ਸ਼ੋਕ ਜਾਂ ਹੋਰ ਅਜਿਹੇ ਭਾਵ ਪ੍ਰਗਟ ਕੀਤੇ ਜਾਣ ਤਾਂ ਵਿਸਮਕ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ:-
ਹਾਏ! ਮੈਂ ਸ਼ਰਮ ਨਾਲ਼ ਮਰ ਗਿਆ।
'ਹੈਂ'! ਉਹ ਫੇਲ੍ਹ ਹੋ ਗਿਆ।

4. ਕਾਮਾ (,) — ਇਸ ਚਿੰਨ੍ਹ ਦੀ ਵਰਤੋਂ ਥੋੜ੍ਹੇ ਠਹਿਰਾਅ ਨੂੰ ਪ੍ਰਗਟ ਕਰਨ ਲਈ ਕੀਤੀ ਜਾਂਦੀ ਹੈ। ਇਹ ਇੱਕ ਵਾਕ ਵਿੱਚ ਕਈ ਥਾਵਾਂ ਤੇ ਆ ਸਕਦਾ ਹੈ। ਇਸ ਦੀ ਵਰਤੋਂ ਧਿਆਨ ਪੂਰਵਕ ਕਰਨੀ ਚਾਹੀਦੀ ਹੈ, ਜਿਵੇਂ :-
ਰਾਮ, ਸ਼ਾਮ, ਮਹੇਸ਼ ਅਤੇ ਅਬਦੁਲ ਸਿਨਮਾ ਦੇਖਣ ਗਏ ਹਨ।
ਸਭ ਜਾਣਦੇ ਹਨ, ਪੜ੍ਹਨਾ ਚੰਗਾ ਕੰਮ ਹੈ।

5. ਬਿੰਦੀ ਕਾਮਾ (;) - ਕਾਮਾ ਤਾਂ ਥੋੜ੍ਹੇ ਠਹਿਰਾਓ ਲਈ ਵਰਤਿਆ ਜਾਂਦਾ ਹੈ, ਪਰ ਜਦੋਂ ਵਾਕ ਵਿੱਚ ਜ਼ਿਆਦਾ ਠਹਿਰਾਓ ਹੋਵੇ ਤਾਂ ਬਿੰਦੀ ਕਾਮਾ ਵਰਤਿਆ ਜਾਂਦਾ ਹੈ। ਆਮ ਹਾਲਤਾਂ ਵਿੱਚ ਇੱਕੋ ਵਾਕ ਵਿੱਚ ਜਦੋਂ ਕਾਮਾ (,) ਨਾਲ਼ੋਂ ਵੱਧ ਅਤੇ ਡੰਡੀ (।) ਨਾਲ਼ੋਂ ਘੱਟ ਵਿਸਰਾਮ ਦੇਣਾ ਹੋਵੇ ਤਾਂ ਬਿੰਦੀ ਕਾਮਾ (;) ਦੀ ਵਰਤੋਂ ਹੁੰਦੀ ਹੈ, ਜਿਵੇਂ:-
ਤੁਸੀਂ ਉਸ ਨੂੰ ਨਹੀਂ ਜਾਣਦੇ; ਉਹ ਤਾਂ ਰਾਖ਼ਸ਼ ਹੈ।
ਠੰਢੀ-ਠੰਢੀ ਹਵਾ ਚੱਲ ਰਹੀ ਹੈ; ਅਸਮਾਨ ਤੇ ਬੱਦਲ ਛਾਏ ਹੋਏ ਹਨ; ਮੋਰ ਪੈਲਾਂ ਪਾ ਰਹੇ ਹਨ; ਕਿੰਨਾ ਸੋਹਣਾ ਨਜ਼ਾਰਾ ਹੈ।

Scanned by CamScanner

6. ਦੁਬਿੰਦੀ (:) :- ਕਿਸੇ ਸ਼ਬਦ, ਵਾਕਾਂਸ਼ ਜਾਂ ਉਪਵਾਕ ਦੀ ਵਿਆਖਿਆ ਕਰਨ ਵਾਲੇ ਸ਼ਬਦਾਂ ਤੋਂ ਪਹਿਲਾਂ ਅਤੇ ਕਿਸੇ ਸ਼ਬਦ ਨੂੰ ਸੰਖੇਪ ਕਰਨ ਲਈ ਵੀ ਦੁਬਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ :-

ਪੈਨ ਦੇ ਦੋ ਹਿੱਸੇ ਹੁੰਦੇ ਹਨ: ਨਿਬ੍ਹ ਅਤੇ ਡੰਡੀ।

ਪ੍ਰੋਫੈਸਰ ਦੀ ਥਾਂ ਪ੍ਰੋ: , ਸਰਦਾਰ ਦੀ ਥਾਂ ਸ:।

ਨਾਟਕ ਵਿੱਚ ਵਾਰਤਾਲਾਪ ਲਿਖਦਿਆਂ ਬੋਲਣ ਵਾਲ਼ੇ ਦਾ ਨਾਂ ਲਿਖਣ ਮਗਰੋਂ ਵੀ ਦੁਬਿੰਦੀ ਦੀ ਵਰਤੋਂ ਹੁੰਦੀ ਹੈ; ਜਿਵੇਂ ;-

ਪੁੱਤਰ: ਪਿਤਾ ਜੀ, ਮੈਂ ਅਜੇ ਹੋਰ ਪੜ੍ਹਨਾ ਹੈ।

7. ਪੁੱਠੇ ਕਾਮੇ (" ") — ਜਦੋਂ ਕਿਸੇ ਦੀ ਕਹੀ ਹੋਈ ਗੱਲ ਨੂੰ ਜਿਉਂ ਦਾ ਤਿਉਂ ਹੀ ਲਿਖਣਾ ਹੋਵੇ ਤਾਂ ਪੁੱਠੇ ਕਾਮਿਆਂ ਵਿੱਚ ਲਿਖਿਆ ਜਾਂਦਾ ਹੈ, ਜਿਵੇਂ :- ਜੀਤੇ ਨੇ ਕਿਹਾ, "ਅੱਜ ਤਾਂ ਲੜਾਈ ਮੁੱਕ ਹੀ ਜਾਵੇਗੀ।"

ਕਿਤਾਬਾਂ, ਰਸਾਲਿਆਂ, ਅਖਬਾਰਾਂ ਦੇ ਨਾਂ, ਕਵੀਆਂ ਦੇ ਉਪਨਾਮ, ਖ਼ਾਸ ਰਚਨਾਵਾਂ ਨੂੰ ਇਕਹਿਰੇ ਪੁੱਠੇ ਕਾਮਿਆਂ ਵਿੱਚ ਲਿਖੇ ਜਾਂਦੇ ਹਨ, ਜਿਵੇਂ - 'ਲੂਣਾ' ਸ਼ਿਵ ਕੁਮਾਰ ਦੀ ਪ੍ਰਸਿੱਧ ਰਚਨਾ ਹੈ।

ਦਰਸ਼ਨ ਸਿੰਘ ਭਨੂਜ 'ਪੰਖੜੀਆਂ' ਦੇ ਸੰਪਾਦਕ ਹਨ।

8. ਬ੍ਰੈਕਟ ( ) — ਵਾਕ ਵਿੱਚ ਕਿਸੇ ਖ਼ਾਸ ਸ਼ਬਦ ਦੇ ਅਰਥ ਸਪਸ਼ਟ ਕਰਨ ਲਈ, ਨਾਟਕ ਵਿੱਚ ਕਿਸੇ ਪਾਤਰ ਦਾ ਹੁਲੀਆ ਜਾਂ ਭਾਵ ਸਪਸ਼ਟ ਕਰਨ ਲਈ, ਕਿਸੇ ਵਿਸ਼ੇ ਦੇ ਵੱਖ-ਵੱਖ ਹਿਸਿਆਂ ਨੂੰ ਨੰਬਰਵਾਰ ਲਿਖਣ ਲਈ ਅੰਕ ਜਾਂ ਅੱਖਰ ਵਰਤੇ ਜਾਣ ਸਮੇਂ ਵੀ ਬ੍ਰੈਕਟ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ :-

ਪੰਜਾਬ ਦੀ ਵੰਡ ਸਮੇਂ ਬਹੁਤ ਸਾਰੇ ਲੋਕ ਸਦਾ ਦੀ ਨੀਂਦ ਸੌਂ ਗਏ (ਮਰ ਗਏ)।

ਰਾਮ ਭਜਨੀ (ਅੱਖਾਂ ਬੰਦ ਕਰਕੇ): ਹੇ ਰਾਮ! ਇੱਕ ਵਾਰ ਤਾਂ ਦੁੱਖ ਦੂਰ ਕਰੋ।

ਪੰਨਾ (210) , ਪਾਠ (6)।

9. ਬਿੰਦੀ (.) — ਇਸ ਦੀ ਵਰਤੋਂ ਪੜ੍ਹਾਈ ਦੀਆਂ ਡਿਗਰੀਆਂ, ਕਿਤਾਬਾਂ, ਅੰਕਾਂ ਦੇ ਅੰਤ ਤੇ ਅਤੇ ਖ਼ਿਤਾਬਾਂ ਦੇ ਪਿੱਛੇ ਹੁੰਦੀ ਹੈ, ਜਿਵੇਂ :-

ਐੱਮ. ਏ., ਆਈ. ਏ. ਐੱਸ.।

ਸਰਦਾਰ ਬਹਾਦਰ — ਸ. ਬ.

10 ਛੁੱਟ ਮਰੋੜੀ ਜਾਂ ਉਪਰ ਕਾਮਾ (') — ਜਦ ਕਿਸੇ ਸ਼ਬਦ ਵਿੱਚੋਂ ਕਿਸੇ ਅੱਖਰ ਨੂੰ ਕੱਢ ਕੇ ਉਸ ਦਾ ਸੰਖੇਪ ਰੂਪ ਲਿਖਣਾ ਹੋਵੇ ਤਾਂ ਛੁੱਟ ਮਰੋੜੀ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ :- ਵਿੱਚੋਂ = 'ਚੋਂ। ਇਕੱਠਾ = 'ਕੱਠਾ। ਉੱਤੇ = 'ਤੇ।

Scanned by CamScanner

6. ਦੁਬਿੰਦੀ (:) - ਕਿਸੇ ਸ਼ਬਦ, ਵਾਕਾਂਸ਼ ਜਾਂ ਉਪਵਾਕ ਦੀ ਵਿਆਖਿਆ ਕਰਨ ਵਾਲ਼ੇ ਸ਼ਬਦਾਂ ਤੋਂ ਪਹਿਲਾਂ ਅਤੇ ਕਿਸੇ ਸ਼ਬਦ ਨੂੰ ਸੰਖੇਪ ਕਰਨ ਲਈ ਵੀ ਦੁਬਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ :-

ਪੈੱਨ ਦੇ ਦੋ ਹਿੱਸੇ ਹੁੰਦੇ ਹਨ: ਨਿਬ ਅਤੇ ਡੰਡੀ।

ਪ੍ਰੋਫੈਸਰ ਦੀ ਥਾਂ ਪ੍ਰੋ: , ਸਰਦਾਰ ਦੀ ਥਾਂ ਸ:।

ਨਾਟਕ ਵਿੱਚ ਵਾਰਤਾਲਾਪ ਲਿਖਦਿਆਂ ਬੋਲਣ ਵਾਲ਼ੇ ਦਾ ਨਾਂ ਲਿਖਣ ਮਗਰੋਂ ਵੀ ਦੁਬਿੰਦੀ ਦੀ ਵਰਤੋਂ ਹੁੰਦੀ ਹੈ; ਜਿਵੇਂ ;-

ਪੁੱਤਰ: ਪਿਤਾ ਜੀ, ਮੈਂ ਅਜੇ ਹੋਰ ਪੜ੍ਹਨਾ ਹੈ।

7. ਪੁੱਠੇ ਕਾਮੇ (" ") — ਜਦੋਂ ਕਿਸੇ ਦੀ ਕਹੀ ਹੋਈ ਗੱਲ ਨੂੰ ਜਿਉਂ ਦਾ ਤਿਉਂ ਹੀ ਲਿਖਣਾ ਹੋਵੇ ਤਾਂ ਪੁੱਠੇ ਕਾਮਿਆਂ ਵਿੱਚ ਲਿਖਿਆ ਜਾਂਦਾ ਹੈ, ਜਿਵੇਂ :- ਜੀਤੋ ਨੇ ਕਿਹਾ, "ਅੱਜ ਤਾਂ ਲੜਾਈ ਮੁੱਕ ਹੀ ਜਾਵੇਗੀ।"

ਕਿਤਾਬਾਂ, ਰਸਾਲਿਆਂ, ਅਖ਼ਬਾਰਾਂ ਦੇ ਨਾਂ, ਕਵੀਆਂ ਦੇ ਉਪਨਾਮ, ਖ਼ਾਸ ਰਚਨਾਵਾਂ ਨੂੰ ਇਕਹਿਰੇ ਪੁੱਠੇ ਕਾਮਿਆਂ ਵਿੱਚ ਲਿਖੇ ਜਾਂਦੇ ਹਨ, ਜਿਵੇਂ - 'ਲੂਣਾ' ਸ਼ਿਵ ਕੁਮਾਰ ਦੀ ਪ੍ਰਸਿੱਧ ਰਚਨਾ ਹੈ।

ਦਰਸ਼ਨ ਸਿੰਘ ਬਨੂਜ 'ਪੰਖੜੀਆਂ' ਦੇ ਸੰਪਾਦਕ ਹਨ।

8. ਬ੍ਰੈਕਟ ( ) — ਵਾਕ ਵਿੱਚ ਕਿਸੇ ਖ਼ਾਸ ਸ਼ਬਦ ਦੇ ਅਰਥ ਸਪਸ਼ਟ ਕਰਨ ਲਈ, ਨਾਟਕ ਵਿੱਚ ਕਿਸੇ ਪਾਤਰ ਦਾ ਹੁਲੀਆ ਜਾਂ ਭਾਵ ਸਪਸ਼ਟ ਕਰਨ ਲਈ, ਕਿਸੇ ਵਿਸ਼ੇ ਦੇ ਵੱਖ-ਵੱਖ ਹਿੱਸਿਆਂ ਨੂੰ ਨੰਬਰਵਾਰ ਲਿਖਣ ਲਈ ਅੰਕ ਜਾਂ ਅੱਖਰ ਵਰਤੇ ਜਾਣ ਸਮੇਂ ਵੀ ਬ੍ਰੈਕਟ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ :-

ਪੰਜਾਬ ਦੀ ਵੰਡ ਸਮੇਂ ਬਹੁਤ ਸਾਰੇ ਲੋਕ ਸਦਾ ਦੀ ਨੀਂਦ ਸੌਂ ਗਏ (ਮਰ ਗਏ)।

ਰਾਮ ਭਜਨੀ (ਅੱਖਾਂ ਬੰਦ ਕਰਕੇ): ਹੇ ਰਾਮ! ਇੱਕ ਵਾਰ ਤਾਂ ਦੁੱਖ ਦੂਰ ਕਰੋ।

ਪੰਨਾ (210) , ਪਾਠ (6)।

9. ਬਿੰਦੀ (.) — ਇਸ ਦੀ ਵਰਤੋਂ ਪੜ੍ਹਾਈ ਦੀਆਂ ਡਿਗਰੀਆਂ, ਕਿਤਾਬਾਂ, ਅੰਕਾਂ ਦੇ ਅੰਤ ਤੇ ਅਤੇ ਖ਼ਿਤਾਬਾਂ ਦੇ ਪਿੱਛੇ ਹੁੰਦੀ ਹੈ, ਜਿਵੇਂ :-

ਐੱਮ. ਏ., ਆਈ. ਏ. ਐੱਸ.।

ਸਰਦਾਰ ਬਹਾਦਰ — ਸ. ਬ.

10. ਛੁੱਟ ਮਰੋੜੀ ਜਾਂ ਉਚਾਰ ਕਾਮਾ (') — ਜਦ ਕਿਸੇ ਸ਼ਬਦ ਵਿੱਚੋਂ ਕਿਸੇ ਅੱਖਰ ਨੂੰ ਕੱਢ ਕੇ ਉਸ ਦਾ ਸੰਖੇਪ ਰੂਪ ਲਿਖਣਾ ਹੋਵੇ ਤਾਂ ਛੁੱਟ ਮਰੋੜੀ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ :- ਵਿੱਚੋਂ = 'ਚੋਂ। ਇਕੱਠਾ = 'ਕੱਠਾ।
ਉੱਤੇ = 'ਤੇ।

Scanned by CamScanner